# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

WORLD PUNJABI TIMES — REACHING THE WORLD

A Punjabi News Protal & Epaper From Winnipeg, Canada

Visit us at : www.worldpunjabitimes.com

Mob: 98772-46588, +1 (418) 887-0162

Epaper World Punjabi Times — 03 ਨਵੰਬਰ 2023 ਦਿਨ ਸ਼ੁੱਕਰਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਫਰੀਦਕੋਟ ਜ਼ਿਲ੍ਹੇ ਵਿੱਚ ਲੱਗੇਗੀ ਕੌਮੀ ਲੋਕ ਅਦਾਲਤ : ਜ਼ਿਲ੍ਹਾ ਤੇ ਸੈਸ਼ਨ ਜੱਜ

ਵਰਲਡ ਪੰਜਾਬੀ ਟਾਈਮਜ਼



ਫਰੀਦਕੋਟ, 3 ਨਵੰਬਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ (ਮੋਹਾਲੀ) ਦੇ ਕਾਰਜਕਾਰੀ ਚੇਅਰਪਰਸਨ ਦੀਆਂ ਹਦਾਇਤਾਂ ਅਨੁਸਾਰ ਨਵਜੋਤ ਕੌਰ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਅਗਵਾਈ ਹੇਠ ਮਿਤੀ 9 ਦਸੰਬਰ 2023 ਨੂੰ ਕੌਮੀ ਲੋਕ ਅਦਾਲਤ ਦਾ ਆਯੋਜਨ ਜ਼ਿਲ੍ਹਾ ਕਚਹਿਰੀਆਂ ਫਰੀਦਕੋਟ ਅਤੇ ਸਬ ਡਵੀਜਨ ਜੈਤੋ ਵਿਖੇ ਕੀਤਾ ਜਾਵੇਗਾ। ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਦੱਸਿਆ ਕਿ "ਝਗੜੇ ਮੁਕਾਓ ਅਤੇ ਪਿਆਰ ਵਧਾਓ, ਲੋਕ ਅਦਾਲਤਾਂ ਰਾਹੀਂ ਸਸਤਾ ਅਤੇ ਛੇਤੀ ਨਿਆਂ ਪਾਓ" ਤਹਿਤ ਇਸ ਕੌਮੀ ਲੋਕ ਅਦਾਲਤ 'ਚ ਜਮੀਨ ਗ੍ਰਹਿਣ ਕਰਨ ਦੀਆਂ ਕਾਰਵਾਈਆਂ, ਸਥਾਈ ਲੋਕ ਅਦਾਲਤ 'ਚ ਸ਼ਿਕਾਇਤਾਂ/ਪਟੀਸ਼ਨਾਂ, ਐੱਸ.ਏ.ਸੀ.ਟੀ. ਕਲੇਮ ਪਟੀਸ਼ਨ ਅਤੇ ਐਗਜੀਕਿਊਸ਼ਨ, ਪਰਿਵਾਰਕ ਅਦਾਲਤਾਂ 'ਚ ਪਰਿਵਾਰਕ ਮਾਮਲੇ, ਮਜਦੂਰ ਵਿਵਾਦ, ਟ੍ਰੈਫਿਕ ਚਲਾਨ, ਮਿਸ਼ਰਤ ਅਪਰਾਧ, ਬਿਜਲੀ ਐਕਟ ਤਹਿਤ ਦਰਜ ਐੱਫ.ਆਈ.ਆਰ., ਐੱਨ.ਆਈ.ਏ. ਅਧੀਨ ਸ਼ਿਕਾਇਤਾਂ, ਰਿਕਵਰੀ ਸੂਟ, ਪ੍ਰੀ-ਲਿਟੀਗੇਟਿਵ ਕੇਸ, ਮਾਲ ਵਿਭਾਗ ਨਾਲ ਸਬੰਧਤ ਕੇਸ, 138 ਐੱਨ.ਆਈ. ਐਕਟ, ਕਿਸੇ ਵੀ ਹੋਰ ਕਿਸਮ ਦੇ ਕੇਸ ਨਾਲ ਸਬੰਧਤ ਕੇਸਾਂ ਦਾ ਨਿਪਟਾਰਾ ਕੀਤਾ ਜਾਵੇਗਾ। ਉਨ੍ਹਾਂ ਆਮ ਲੋਕਾਂ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀਆਂ ਸਕੀਮਾਂ ਜਿਵੇਂ ਕਿ ਵਿਕਟਮ ਕੰਪਨਸ਼ੇਸ਼ਨ ਸਕੀਮ, ਮੀਡੀਏਸ਼ਨ ਸੈਂਟਰ ਅਤੇ 9-12-2023 ਨੂੰ ਲੱਗਣ ਵਾਲੀ ਨੈਸ਼ਨਲ ਲੋਕ ਅਦਾਲਤ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ।

## ਕੋਹਿਨੂਰ ਕੌਰ (7 ਸਾਲ) ਨੇ ਕਰਾਟੇ ਮੁਕਾਬਲੇ ਵਿੱਚ ਜਿੱਤਿਆ ਸੋਨ ਤਮਗਾ

ਵਰਲਡ ਪੰਜਾਬੀ ਟਾਈਮਜ਼ — ਗੁਰਬਿੰਦਰ ਸਿੰਘ ਰੋਮੀ



ਰੋਪੜ, 3 ਨਵੰਬਰ ਸਾਹਿਬਜ਼ਾਦਾ ਅਜੀਤ ਸਿੰਘ ਅਕੈਡਮੀ ਰੂਪਨਗਰ ਦੀ ਦੂਜੀ ਜਮਾਤ ਦੀ ਵਿਦਿਆਰਥਣ ਕੋਹਿਨੂਰ ਕੌਰ (7 ਸਾਲ) ਨੇ ਜਿਲਾ ਪੱਧਰੀ ਪ੍ਰਇਮਰੀ ਸਕੂਲ ਖੇਡਾਂ ਦੇ 2023-24 ਕਰਾਟੇ ਮੁਕਾਬਿਲਆਂ ਵਿੱਚ 34+ ਕਿੱਲੋ ਭਾਰ ਵਰਗ 'ਚ ਸੋਨੇ ਦਾ ਤਗਮਾ ਜਿੱਤ ਕੇ ਆਪਣੇ ਜਿਲ੍ਹੇ, ਸਕੂਲ ਅਤੇ ਮਾਪਿਆਂ ਜੈ ਦੇਵ ਸਿੰਘ ਤੇ ਕੰਚਨ ਦਾ ਮਾਣ ਵਧਾਇਆ ਹੈ। ਜਿਸ ਨੂੰ ਪ੍ਰਾਇਮਰੀ ਜਿਲ੍ਹਾ ਸਿੱਖਿਆ ਅਫ਼ਸਰ ਸ਼ਾਲੂ ਮਹਿਰਾ ਨੇ ਸੋਨ ਤਗਮਾ ਦੇ ਕੇ ਉਚੇਚੇ ਤੌਰ 'ਤੇ ਸਨਮਾਨਿਤ ਕੀਤਾ। ਇਸ ਮੌਕੇ ਕਰਾਟੇ ਕੋਚ ਨੀਲ ਕਮਲ ਧੀਮਾਨ, ਗੁਰਪ੍ਰੀਤ ਸਿੰਘ ਚੇਅਰਮੈਨ ਕੌਰ ਵੈੱਲਫੇਅਰ ਫਾਊਂਡੇਸ਼ਨ, ਹਰਪ੍ਰੀਤ ਸਿੰਘ, ਜਸਵਿੰਦਰ ਸਿੰਘ ਲਾਡੀ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਅੱਗ ਲਾਉਣ ਵਾਲੇ 23 ਕਿਸਾਨਾਂ ਦੀ ਜਮੀਨ 'ਚ ਲਾਲ ਲਕੀਰ ਅਤੇ ਕੱਟੇ ਚਲਾਨ : ਡੀ.ਸੀ

ਵਰਲਡ ਪੰਜਾਬੀ ਟਾਈਮਜ਼



ਫਰੀਦਕੋਟ, 3 ਨਵੰਬਰ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਨਿਯਮਾਂ ਦੀ ਪਾਲਣਾ ਤਹਿਤ ਜਿਲਾ ਪ੍ਰਸ਼ਾਸ਼ਨ ਫਰੀਦਕੋਟ ਵਲੋਂ ਇਸ ਸਾਲ ਬਹੁਤ ਸਖਤੀ ਕੀਤੀ ਜਾ ਰਹੀ ਹੈ। ਜਿਲੇ ਦੇ ਡਿਪਟੀ ਕਮਿਸ਼ਨਰ ਵਿਨੀਤ ਕੁਮਾਰ ਨੇ ਦੱਸਿਆ ਕਿ ਬਹੁਤ ਕਿਸਾਨ ਇਸ ਵਾਰ ਪਰਾਲੀ ਨੂੰ ਅੱਗ ਨਾ ਲਾ ਕੇ ਜਮੀਨ 'ਚ ਵਾਹ ਰਹੇ ਹਨ ਜਾਂ ਗੱਠਾਂ ਬਣਾ ਕੇ ਕਣਕ ਦੀ ਬਿਜਾਈ ਕਰ ਰਹੇ ਹਨ ਪਰ ਕਈ ਕਿਸਾਨ ਅਜੇ ਤੱਕ ਵੀ ਨਹੀਂ ਸਮਝੇ। ਜਿਲ੍ਹੇ 'ਚ ਪਰਾਲੀ ਸਾਂਭਣ ਵਾਲੀਆਂ ਮਸ਼ੀਨਾਂ ਦੀ ਉਪਲਬਧਤਾ ਹੋਣ ਦੇ ਬਾਵਜੂਦ ਕੁਝ ਕਿਸਾਨ ਅੱਗ ਲਾ ਰਹੇ ਹਨ, ਜੋ ਕਿ ਬਹੁਤ ਹੀ ਮਾੜਾ ਅਤੇ ਗੈਰ ਕਾਨੂੰਨੀ ਵਰਤਾਰਾ ਹੈ। ਉਨ੍ਹਾਂ ਦੱਸਿਆ ਕਿ ਅੱਜ ਤੱਕ ਅੱਗ ਲਾਉਣ ਵਾਲੇ 23 ਕਿਸਾਨਾਂ ਖਿਲਾਫ ਕਾਨੂਨੀ ਕਾਰਵਾਈ ਕਰਦਿਆਂ ਉਹਨਾਂ ਦੇ ਜਮੀਨੀ ਰਿਕਾਰਡ 'ਚ ਰੈਡ ਐਂਟਰੀ ਲਾਈ ਗਈ ਹੈ ਅਤੇ ਉਹਨਾਂ ਦੇ ਚਲਾਨ ਕੱਟ ਕੇ 2500 ਤੋਂ 25000/ ਪ੍ਰਤੀ ਏਕੜ ਜੁਰਮਾਨੇ ਵੀ ਵਸੂਲੇ ਜਾ ਰਹੇ ਹਨ। ਡਿਪਟੀ ਕਮਿਸ਼ਨਰ ਵਲੋਂ ਅੱਗ ਲਾਉਣ ਵਾਲੇ ਕਿਸਾਨਾਂ ਨੂੰ ਸਖਤ ਹਦਾਇਤ ਕੀਤੀ ਕਿ ਉਹ ਇਹ ਗਲਤੀ ਨਾ ਕਰਨ। ਜਿਲ੍ਹੇ 'ਚ 20 ਕਲਸਟਰ ਅਫਸਰ, 70 ਨੋਡਲ ਅਫਸਰ, 35 ਜਿਲੇ ਦੇ ਪ੍ਰਮੁੱਖ ਅਧਿਕਾਰੀਆਂ ਦੀਆਂ ਡਿਊਟੀਆਂ ਅੱਗ ਲਾਉਣ ਵਾਲੇ ਕਿਸਾਨਾਂ ਖਿਲਾਫ ਬਣਦੀ ਕਾਰਵਾਈ ਕਰਨ ਲਈ ਲਾਈਆਂ ਗਈਆਂ ਹਨ। ਇਸ ਤੋਂ ਬਿਨਾਂ ਸੈਟੇਲਾਈਟ ਵੀ ਸਵੇਰੇ 9:00 ਤੋਂ ਸ਼ਾਮ 4:00 ਵਜੇ ਤੱਕ ਖੇਤਾਂ 'ਚ ਲੱਗੀ ਅੱਗ ਦੀ ਰਿਪੋਰਟ ਕਰ ਰਿਹਾ ਹੈ।

## ਆਰਥਿਕ ਪੱਖੋਂ ਕਮਜੋਰ ਹੁਸ਼ਿਆਰ ਬੱਚਿਆਂ ਦੀ ਫੀਸ ਜਾਂ ਦਾਖਲੇ ਲਈ ਸਭਾ ਵਲੋਂ ਨਵਾਂ ਪ੍ਰੋਜੈਕਟ ਸਥਾਪਿਤ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ



ਕੋਟਕਪੂਰਾ, 3 ਨਵੰਬਰ ਅਰੋੜਬੰਸ ਸਭਾ ਵਲੋਂ ਸਥਾਨਕ ਪੁਰਾਣੀ ਦਾਣਾ ਮੰਡੀ ਵਿੱਚ ਚਲਾਏ ਜਾ ਰਹੇ ਸ੍ਰ. ਆਸਾ ਸਿੰਘ ਯਾਦਗਾਰੀ ਕੰਨਿਆ ਕੰਪਿਊਟਰ ਸੈਂਟਰ ਵਿੱਚ ਕਾਰਜਕਾਰਨੀ ਦੀ ਐਮਰਜੈਂਸੀ ਮੀਟਿੰਗ ਦੀ ਸ਼ੁਰੂਆਤ ਵਿੱਚ ਬਰਾਦਰੀ ਦੀਆਂ ਵਿਛੜੀਆਂ ਰੂਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਮੌਨ ਧਾਰਿਆ ਗਿਆ। ਆਪਣੇ ਸੰਬੋਧਨ ਦੌਰਾਨ ਪ੍ਰਧਾਨ ਮਨਿੰਦਰ ਸਿੰਘ ਮਿੰਕੂ ਮੱਕੜ ਅਤੇ ਸਰਪ੍ਰਸਤ ਜਗਦੀਸ਼ ਛਾਬੜਾ ਨੇ ਦੱਸਿਆ ਕਿ ਕਰੀਬ 3 ਸਾਲ ਪਹਿਲਾਂ ਅਰੋੜਾ ਬਰਾਦਰੀ ਦੇ ਇਕ ਵਿਅਕਤੀ ਵਲੋਂ ਆਤਮ ਹੱਤਿਆ ਕਰ ਲੈਣ ਕਾਰਨ ਪਰਿਵਾਰ ਨੂੰ ਗੁਜਾਰਾ ਚਲਾਉਣਾ ਔਖਾ ਹੋ ਗਿਆ ਸੀ ਤੇ ਹੁਣ ਉਸਦੀ ਹੋਣਹਾਰ ਬੇਟੀ ਮੈਡੀਕਲ ਦੀ 12ਵੀਂ ਦੀ ਪ੍ਰੀਖਿਆ ਵਿੱਚ ਸ਼ਾਨਦਾਰ ਪੁਜੀਸ਼ਨ ਲੈਣ ਤੋਂ ਬਾਅਦ ਜੀਐਨਐਮ ਦੀ ਪੜਾਈ ਕਰਨਾ ਚਾਹੁੰਦੀ ਹੈ। ਉਸਦੀ ਫੀਸ ਵਿੱਚ ਹਰ ਸਾਲ ਯੋਗਦਾਨ ਪਾਉਣ ਦਾ ਫੈਸਲਾ ਕਰਦਿਆਂ ਸਭਾ ਨੇ ਪਹਿਲੇ ਸਾਲ ਦੀ ਫੀਸ ਲਈ 20 ਹਜਾਰ ਰੁਪਏ ਜਮਾ ਕਰਵਾਇਆ। ਸੈਂਟਰ ਦੇ ਡਾਇਰੈਕਟਰ ਮੋਹਨ ਲਾਲ ਗੁਲਾਟੀ ਨੇ ਦੱਸਿਆ ਕਿ ਸਰਬਸੰਮਤੀ ਨਾਲ ਹੋਏ ਫੈਸਲੇ ਮੁਤਾਬਿਕ ਬਰਾਦਰੀ ਨਾਲ ਸਬੰਧਤ ਹੁਸ਼ਿਆਰ ਲੜਕੇ-ਲੜਕੀਆਂ ਦੀ ਫੀਸ ਭਰਨ ਲਈ ਇਕ ਵੱਖਰਾ ਫੰਡ ਸਥਾਪਿਤ ਕਰਨ ਦਾ ਮਤਾ ਪਾਸ ਕੀਤਾ ਗਿਆ। ਇਸ ਲਈ ਕਾਰਜਕਾਰਨੀ ਦਾ ਹਰ ਮੈਂਬਰ ਘੱਟੋ ਘੱਟ 500 ਰੁਪਿਆ ਹਰ ਮਹੀਨੇ ਜਮਾ ਕਰਵਾਏਗਾ, ਲੋੜਵੰਦ ਲੜਕੇ-ਲੜਕੀ ਦੀ ਫੀਸ ਜਾਂ ਦਾਖਲਾ ਭਰਨ ਤੋਂ ਪਹਿਲਾਂ ਉਸਦੀ ਬਕਾਇਦਾ ਪੜਤਾਲ ਵੀ ਕਰਵਾਈ ਜਾਵੇਗੀ। ਇਸ ਤੋਂ ਇਲਾਵਾ ਸਭਾ ਦੀਆਂ ਸਰਗਰਮੀਆਂ ਅਤੇ ਕੰਪਿਊਟਰ ਸੈਂਟਰ ਦੀ ਕਾਰਗੁਜਾਰੀ ਬਾਰੇ ਵੀ ਵਿਚਾਰ ਚਰਚਾ ਕੀਤੀ ਗਈ।

## ਵੱਖ ਵੱਖ ਸਕੂਲਾਂ ਵਿੱਚ 'ਸੀਰ' ਸੁਸਾਇਟੀ ਨੇ ਗਰੀਨ ਦੀਵਾਲੀ ਮਨਾਉਣ ਸਬੰਧੀ ਵਿਦਿਆਥੀਆਂ ਨੂੰ ਪ੍ਰੇਰਿਤ ਕੀਤਾ

### ਪਟਾਕੇ ਚਲਾਉਣ ਨਾਲ ਪ੍ਰਦੂਸ਼ਣ ਖਤਰਨਾਕ ਪੱਧਰ ਤੱਕ ਵੱਧ ਜਾਂਦਾ ਹੈ ਜਿਸ ਨਾਲ ਬਜ਼ੁਰਗਾਂ, ਬੱਚਿਆਂ ਅਤੇ ਪਾਲਤੂ ਜਾਨਵਰਾਂ ਨੂੰ ਪਰੇਸ਼ਾਨੀ ਹੁੰਦੀ ਹੈ- ਜਗਪਾਲ ਬਰਾੜ, ਕੇਵਲ ਕ੍ਰਿਸ਼ਨ ਕਟਾਰੀਆ, ਮਦਨ ਲਾਲ ਸ਼ਰਮਾਂ

ਵਰਲਡ ਪੰਜਾਬੀ ਟਾਈਮਜ਼ — ਧਰਮ ਪ੍ਰਵਾਨਾਂ




ਫ਼ਰੀਦਕੋਟ, 3 ਨਵੰਬਰ ਵਾਤਾਵਰਣ ਲਈ ਪਿਛਲੇ ਸਤਾਰਾਂ ਸਾਲਾਂ ਤੋਂ ਕੰਮ ਕਰ ਰਹੀ 'ਸੀਰ' ਸੁਸਾਇਟੀ ਦੇ ਵੰਲਟੀਅਰਾਂ ਵੱਲੋਂ ਗਰੀਨ ਦੀਵਾਲੀ ਮਨਾਉਣ ਲਈ ਬੱਚਿਆਂ ਨੂੰ ਵੱਖ ਵੱਖ ਸਕੂਲਾਂ ਵਿੱਚ ਜਾਕੇ ਗਰੀਨ ਦੀਵਾਲੀ ਮਨਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ । ਸਰਕਾਰੀ ਮਿਡਲ ਸਕੂਲ ਹਰਿੰਦਰਾ, ਬਲਬੀਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਫ ਐਮੀਨੈਂਸ , ਸਰਕਾਰੀ ਮਿਡਲ ਸਕੂਲ ਬਾਜ਼ੀਗਰ ਬਸਤੀ, ਸਰਕਾਰੀ ਬਲਬੀਰ ਮਿਡਲ ਸਕੂਲ,ਬਾਬਾ ਫਰੀਦ ਪਬਲਿਕ ਸਕੂਲ, ਸਰਕਾਰੀ ਮਿਡਲ ਸਕੂਲ ਮਨਜੀਤ ਇੰਦਰਪੁਰਾ, ਆਦਿ ਵਿਖੇ ਗਰੀਨ ਦੀਵਾਲੀ ਮਨਾਉਣ ਸਬੰਧੀ ਵਿਦਿਆਥੀਆਂ ਨੂੰ ਪ੍ਰੇਰਿਤ ਕੀਤਾ । ਇਸ ਮੌਕੇ ਵੱਖ ਵੱਖ ਸਕੂਲਾਂ ਵਿਖੇ ਬੋਲਦਿਆ ਜਗਪਾਲ ਸਿੰਘ ਬਰਾੜ, ਕੇਵਲ ਕ੍ਰਿਸ਼ਨ ਕਟਾਰੀਆ, ਮਦਨ ਲਾਲ ਸ਼ਰਮਾਂ, ਗੁਰਮੇਲ ਸਿੰਘ, ਕਿੱਕੀ ਵਿਰਦੀ, ਗੁਰਦਵਿੰਦਰ ਸਿੰਘ, ਭੁਪੇਸ਼ ਕੁਮਾਰ ਆਦਿ ਸੀਰ ਵੰਲਟੀਅਰਾਂ ਨੇ ਵਿਦਿਆਰਥੀਆਂ ਨੂੰ ਦੀਵਾਲੀ ਦੇ ਇਤਿਹਾਸਕ ਮਹੱਤਵ ਬਾਰੇ ਜਾਣਕਾਰੀ ਦਿੱਤੀ ਅਤੇ ਵਿਦਿਆਰਥੀਆਂ ਨੂੰ ਪਟਾਕੇ ਚਲਾਉਣ ਦੀ ਬਜਾਇ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ । ਉਹਨਾਂ ਕਿਹਾ ਕਿ ਉੱਚੀ ਆਵਾਜ਼ ਵਿੱਚ ਪਟਾਕੇ ਚਲਾਉਣ ਨਾਲ ਪ੍ਰਦੂਸ਼ਣ ਖਤਰਨਾਕ ਪੱਧਰ ਤੱਕ ਵੱਧ ਜਾਂਦਾ ਹੈ ਜਿਸ ਨਾਲ ਬਜ਼ੁਰਗਾਂ, ਬੱਚਿਆਂ ਅਤੇ ਪਾਲਤੂ ਜਾਨਵਰਾਂ ਨੂੰ ਪਰੇਸ਼ਾਨੀ ਹੁੰਦੀ ਹੈ। ਉਹਨਾਂ ਕਿਹਾ ਕਿ ਗੰਧਲੇ ਹੋ ਰਹੇ ਵਾਤਾਵਰਣ ਦੀ ਰੋਕਥਾਮ ਕਰਨਾ ਸਾਡਾ ਸਾਰਿਆ ਦਾ ਮੁੱਢਲਾ ਫਰਜ ਹੈ । ਉਹਨਾਂ ਬੱਚਿਆਂ ਨੂੰ ਕਿਹਾ ਕਿ ਅਵਾਜ ਤੇ ਸ਼ੋਰ ਪ੍ਰਦੂਸ਼ਣ ਤੋਂ ਬਚਣ ਲਈ ਸਾਨੂੰ ਪਟਾਕਿਆ ਦੀ ਥਾਂ ਪੌਦੇ ਲਗਾ ਕੇ ਗਰੀਨ ਦਿਵਾਲੀ ਮਨਾਉਣੀ ਚਾਹੀਦੀ ਹੈ । ਉਹਨਾਂ ਕਿਹਾ ਕਿ ਅੱਜ ਮਨੁੱਖੀ ਗਲਤੀਆਂ ਕਾਰਣ ਧਰਤੀ ਦੀ ਹੋਂਦ ਨੂੰ ਖਤਰਾ ਪੈਦਾ ਹੋ ਗਿਆ । ਆਪਣੇ ਸਵਾਰਥ ਲਈ ਮਨੁੱਖ ਨੇ ਧਰਤੀ ਤੇ ਰਹਿਣ ਵਾਲੇ ਜੀਵ ਜੰਤੂ ਤੇ ਮਨੁੱਖੀ ਜੀਵਨ ਲਈ ਡੂੰਘੀ ਖਾਈ ਪੁੱਟ ਦਿੱਤੀ ਹੈ । ਅਸੀਂ ਦਰੱਖਤ ਪੁੱਟ ਰਹੇ ਹਾਂ, ਪਰਾਲੀ ਨੂੰ ਅੱਗ ਲਗਾ ਰਹੇ ਹਾਂ, ਪਲਾਸਟਿਕ ਦੀ ਅੰਨੇਵਾਹ ਵਰਤੋਂ ਕਰ ਰਹੇ ਹਾਂ ਜਿਸ ਕਾਰਣ ਵਾਤਾਵਰਣ ਵਿੱਚ ਵਿਗਾੜ ਪੈਦਾ ਹੋ ਰਿਹਾ ਹੈ । ਅਗਰ ਅਸੀਂ ਨਾ ਸੰਭਲੇ ਤਾਂ ਆਉਣ ਵਾਲੀਆ ਪੀੜੀਆਂ ਸਾਨੂੰ ਕਦੇ ਮਾਫ ਨਹੀਂ ਕਰਨਗੀਆ । ਉਹਨਾਂ ਬੱਚਿਆਂ ਨੂੰ ਵਾਤਾਵਰਣ ਦੇ ਵਿਗੜ ਰਹੇ ਹਲਾਤਾਂ ਪ੍ਰਤੀ ਆਪੋ ਆਪਣੀ ਜਗਾ ਫਰਜ ਨਿਭਾਉਣ ਲਈ ਪ੍ਰੇਰਿਤ ਕੀਤਾ ਬੱਚਿਆਂ ਨੂੰ ਪਟਾਕਿਆ ਰਹਿਤ ਦੀਵਾਲੀ ਮਨਾਉਣ ਅਤੇ ਰਵਾਇਤੀ ਢੰਗ ਨਾਲ ਮਿੱਟੀ ਦੇ ਦੀਵੇ ਬਾਲ ਕੇ ਦੀਵਾਲੀ ਮਨਾਉਣ ਦਾ ਸੱਦਾ ਦਿੱਤਾ ਤਾਂ ਜੋ ਅਸੀ ਵਾਤਾਵਰਣ ਬਚਾਉਣ ਵਿੱਚ ਆਪੋ ਆਪਣਾ ਯੋਗਦਾਨ ਪਾ ਸਕੀਏ ।

## ਪੰਜਾਬੀ ਲਿਖਾਰੀ ਸਭਾ ਰਾਮਪੁਰ ਵੱਲੋਂ ਤੀਜਾ ਗੁਰਚਰਨ ਰਾਮਪੁਰੀ ਯਾਦਗਾਰੀ ਪੁਰਸਕਾਰ ਸਮਾਗਮ 5 ਨਵੰਬਰ ਨੂੰ ਹੋਵੇਗਾ।

### ਮੁੱਖ ਮਹਿਮਾਨ ਮੈਂਬਰ ਪਾਰਲੀਮੈਂਟ ਮੁਹੰਮਦ ਸਦੀਕ ਤੇ ਪ੍ਰਧਾਨਗੀ ਪ੍ਰੋ: ਗੁਰਭਜਨ ਸਿੰਘ ਗਿੱਲ ਕਰਨਗੇ।

ਵਰਲਡ ਪੰਜਾਬੀ ਟਾਈਮਜ਼


ਸ੍ਰ: ਗੁਰਚਰਨ ਰਾਮਪੁਰੀ

ਲੁਧਿਆਣਾ 3 ਨਵੰਬਰ ਸਾਲ 1953 ਤੋਂ ਕਾਰਜਸ਼ੀਲ ਪੰਜਾਬੀ ਲਿਖਾਰੀ ਸਭਾ ਰਾਮਪੁਰ ਵੱਲੋਂ ਨਾਮਵਰ ਸ਼ਾਇਰ ਸ਼੍ਰੀ ਵਿਜੇ ਵਿਵੇਕ ਨੂੰ ਤੀਜੇ 'ਗੁਰਚਰਨ ਰਾਮਪੁਰੀ ਯਾਦਗਾਰੀ ਪੁਰਸਕਾਰ ' ਨਾਲ 5 ਨਵੰਬਰ, 2023(ਐਤਵਾਰ) ਨੂੰ ਸਵੇਰੇ 10 ਵਜੇ ਸਭਾ ਦੇ ਸੈਮੀਨਾਰ ਹਾਲ ਵਿਖੇ ਸਨਮਾਨਿਤ ਕੀਤਾ ਜਾਵੇਗਾ। ਪੰਜਾਬੀ ਲਿਖਾਰੀ ਸਭਾ ਦੇ ਪ੍ਰਧਾਨ ਅਨਿਲ ਫ਼ਤਹਿਗੜ੍ਹ ਜੱਟਾਂ ਤੇ ਜਨਰਲ ਸਕੱਤਰ ਬਲਵੰਤ ਮਾਂਗਟ ਨੇ ਦੱਸਿਆ ਕਿ ਇਸ ਸਮਾਗਮ ਦੇ ਮੁੱਖ ਮਹਿਮਾਨ ਲੋਕ-ਗਾਇਕ ਅਤੇ ਮੈਂਬਰ ਪਾਰਲੀਮੈਂਟ ਜਨਾਬ ਮੁਹੰਮਦ ਸਦੀਕ ਹੋਣਗੇ। ਸਮਾਗਮ ਦੀ ਪ੍ਰਧਾਨਗੀ ਪ੍ਰੋ: ਗੁਰਭਜਨ ਸਿੰਘ ਗਿੱਲ, ਚੇਅਰਮੈਨ ਪੰਜਾਬੀ ਲੋਕ ਵਿਰਾਸਤ ਅਕਾਦਮੀ ਕਰਨਗੇ। ਸ਼੍ਰੀ ਗੁਰਭੇਜ ਸਿੰਘ ਗੋਰਾਇਆ (ਦਿੱਲੀ) ਇਸ ਸਮਾਗਮ ਦਾ ਉਦਘਾਟਨ ਕਰਨਗੇ।

ਇਹ ਸਨਮਾਨ ਸਭਾ ਦੇ ਮੋਢੀ ਮੈਂਬਰ ਤੇ ਉਮਰ ਦਾ ਵੱਡਾ ਅਰਸਾ ਵੈਨਕੁਵਰ(ਕੈਨੇਡਾ) ਰਹੇ ਸ਼੍ਰੀ ਗੁਰਚਰਨ ਰਾਮਪੁਰੀ ਦੇ ਧੀਆਂ-ਪੁੱਤਰਾਂ ਅਤੇ ਸਮੁੱਚੇ ਪਰਿਵਾਰ ਵੱਲੋਂ ਹਰ ਸਾਲ ਦਿੱਤਾ ਜਾਂਦਾ ਹੈ। ਇਸ ਸਨਮਾਨ ਵਿਚ ਇੱਕੀ ਹਜ਼ਾਰ ਰੁਪਏ ਦੀ ਰਾਸ਼ੀ,ਲੋਈ ਅਤੇ ਸਨਮਾਨ ਨਿਸ਼ਾਨੀ ਸ਼ਾਮਲ ਹੁੰਦੀ ਹੈ।

ਸਭਾ ਦੇ ਮੀਤ ਪ੍ਰਧਾਨ ਅਮਰਿੰਦਰ ਸੋਹਲ ਨੇ ਦੱਸਿਆ ਕਿ ਇਹ ਪੁਰਸਕਾਰ ਪਹਿਲਾਂ ਸੁਰਗਵਾਸੀ ਕਵੀ ਸ਼ਿਵਨਾਥ (ਮੋਹਾਲੀ)ਅਤੇ ਸ਼੍ਰੀ ਬੀਬਾ ਬਲਵੰਤ (ਗੁਰਦਾਸਪੁਰ)ਨੂੰ ਦਿੱਤਾ ਜਾ ਚੁੱਕਾ ਹੈ।

ਸ਼੍ਰੀ ਗੁਰਚਰਨ ਰਾਮਪੁਰੀ ਜੀ ਬਾਰੇ ਜਾਣ ਪਛਾਣ ਸਭਾ ਦੇ ਸਰਪ੍ਰਸਤ ਸ਼੍ਰੀ ਸੁਰਿੰਦਰ ਰਾਮਪੁਰੀ ਕਰਵਾਉਣਗੇ ਅਤੇ ਸ਼੍ਰੀ ਵਿਜੇ ਵਿਵੇਕ ਬਾਰੇ ਜਾਣ-ਪਛਾਣ ਇਸ ਸਾਲ ਦੇ ਭਾਰਤੀ ਸਾਹਿੱਤ ਅਕਾਡਮੀ ਪੁਰਸਕਾਰ ਵਿਜੇਤਾ ਕਹਾਣੀਕਾਰ ਸੁਖਜੀਤ ਕਰਵਾਉਣਗੇ।

ਇਸੇ ਸਮਾਗਮ ਵਿੱਚ ਡਾ.ਮਨਦੀਪ ਕੌਰ ਦੀ ਆਲੋਚਨਾ ਪੁਸਤਕ 'ਪੰਜਾਬੀ ਸਭਿਆਚਾਰ ਦੀ ਵਿਕਾਸ ਰੇਖਾ(ਗੁਰਚਰਨ ਰਾਮਪੁਰੀ ਦੀ ਕਵਿਤਾ ਦੇ ਸੰਦਰਭ ਵਿਚ) ਲੋਕ-ਅਰਪਣ ਕੀਤੀ ਜਾਵੇਗੀ। ਪ੍ਰੋ. ਭਜਨ ਸਿੰਘ ਇਸ ਪੁਸਤਕ ਅਤੇ ਲੇਖਕਾ ਬਾਰੇ ਜਾਣ-ਪਛਾਣ ਕਰਵਾਉਣਗੇ। ਉਪਰੰਤ ਹਾਜ਼ਰ ਕਵੀਆਂ ਤੇ ਅਧਾਰਤ ਕਵੀ ਦਰਬਾਰ ਹੋਵੇਗਾ।

ਇਹ ਜਾਣਕਾਰੀ ਸਭਾ ਦੇ ਪ੍ਰਧਾਨ ਸ਼੍ਰੀ ਅਨਿਲ ਫ਼ਤਹਿਗੜ੍ਹ ਜੱਟਾਂ ਅਤੇ ਬਲਵੰਤ ਮਾਂਗਟ, ਜਨਰਲ ਸਕੱਤਰ ਨੇ ਰਾਮਪੁਰ ਵਿਖੇ ਦਿੱਤੀ। ਇਸ ਸਮੇਂ ਸ਼੍ਰੀ ਗੁਰਦਿਆਲ ਦਲਾਲ , ਸੁਰਿੰਦਰ ਰਾਮਪੁਰੀ, ਅਮਰਿੰਦਰ ਸੋਹਲ (ਮੀਤ ਪ੍ਰਧਾਨ)ਅਤੇ ਨੀਤੂ ਰਾਮਪੁਰ ਹਾਜ਼ਰ ਸਨ।

## ਪੰਜਾਬ ਦਿਵਸ ਮੌਕੇ ਤ੍ਰੈ-ਮਾਸਿਕ ਪੱਤ੍ਰਿਕਾ ਪਰਵਾਸ ਦਾ 35ਵਾਂ ਅੰਕ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 3 ਨਵੰਬਰ ਪਰਵਾਸੀ ਸਾਹਿਤ ਅਧਿਐਨ ਕੇਂਦਰ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਵੱਲੋਂ ਪੰਜਾਬ ਦਿਵਸ ਮੌਕੇ ਤੈ-ਮਾਸਿਕ ਪੱਤ੍ਰਿਕਾ ਪਰਵਾਸ ਦਾ 35ਵਾਂ ਅੰਕ ਲੋਕ ਅਰਪਣ ਕੀਤਾ ਗਿਆ। ਇਸ ਲੋਕ ਅਰਪਣ ਪ੍ਰੋਗਰਾਮ ਦੀ ਪ੍ਰਧਾਨਗੀ ਸ. ਹਰਸ਼ਰਨ ਸਿੰਘ ਨਰੂਲਾ ਆਨਰੇਰੀ ਜਨਰਲ ਸਕੱਤਰ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨ ਕੌਂਸਲ ਲੁਧਿਆਣਾ ਵੱਲੋਂ ਕੀਤੀ ਗਈ। ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ, ਪ੍ਰੋ. ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀ.ਜੀ.ਐਨ.ਆਈ.ਐਮ.ਟੀ. ਅਤੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਸ਼ਰਨਜੀਤ ਕੌਰ ਨੇ ਇਸ ਸਮੇਂ ਪਰਵਾਸੀ ਪੰਜਾਬੀ ਸਾਹਿਤ, ਵਿਸ਼ਵ ਵਿਆਪੀ ਪੱਧਰ 'ਤੇ ਪਰਵਾਸ ਦੇ ਬਦਲਦੇ ਸਰੋਕਾਰਾਂ 'ਤੇ ਵਿਹਾਰਾਂ ਸਬੰਧੀ ਵਿਚਾਰ ਚਰਚਾ ਕੀਤੀ। ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਨੇ ਕਿਹਾ ਕਿ ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਸੁਯੋਗ ਅਗਵਾਈ ਵਿੱਚ ਹੁਣ ਤੱਕ ਦੇ ਸਾਰੇ ਅੰਕ ਤਿਆਰ ਕੀਤੇ ਗਏ ਹਨ। ਬੇਸ਼ੱਕ ਹੁਣ ਉਹ ਕੈਨੇਡਾ ਹਨ ਪਰ ਫਿਰ ਵੀ ਆਪਣੇ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਉਨਾਂ ਨੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੀਆਂ ਗਤੀਵਿਧੀਆਂ ਨੂੰ ਵੀ ਕੈਨੇਡਾ ਬੈਠਿਆਂ ਵੀ ਨਿਰੰਤਰਤਾ ਪ੍ਰਦਾਨ ਕੀਤੀ ਹੈ। ਪ੍ਰੋ. ਛਾਬੜਾ ਨੇ ਇਸ ਅੰਕ ਵਿੱਚ ਪ੍ਰਕਾਸ਼ਿਤ ਸਮੱਗਰੀ ਸਬੰਧੀ ਆਲੋਚਨਾਤਮਕ ਪੱਖੋਂ ਆਪਣੇ ਵਿਚਾਰ ਸਾਂਝੇ ਕੀਤੇ।ਇਸ ਮੌਕੇ ਪੰਜਾਬੀ ਵਿਭਾਗ ਤੋਂ ਡਾ. ਹਰਪ੍ਰੀਤ ਸਿੰਘ ਦੂਆ,ਡਾ.ਗੁਰਪ੍ਰੀਤ ਸਿੰਘ ਅਤੇ ਪਰਵਾਸ ਮੈਗਜ਼ੀਨ ਦੇ ਤਕਨੀਕੀ ਸਹਿ ਸੰਪਾਦਕ ਰਾਜਿੰਦਰ ਸਿੰਘ ਸੰਧੂ ਵੀ ਹਾਜ਼ਰ ਰਹੇ। ਡਾ. ਤੇਜਿੰਦਰ ਕੌਰ ਕੋਆਰਡੀਨੇਟਰ ਪਰਵਾਸੀ ਸਾਹਿਤ ਅਧਿਐਨ ਕੇਂਦਰ ਨੇ ਸਾਰਿਆਂ ਦਾ ਰਸਮੀ ਤੌਰ 'ਤੇ ਧੰਨਵਾਦ ਕੀਤਾ।

## ਗਿਆਨੀ ਗੁਰਦਿੱਤ ਸਿੰਘ ਦੀ ਕਿਤਾਬ 'ਮੇਰਾ ਪਿੰਡ' ਦੇਸ਼ ਦੀਆਂ 24 ਭਾਸ਼ਾਵਾਂ ਵਿੱਚ ਛਪੇਗੀ – ਡਾ. ਰਵੇਲ ਸਿੰਘ

ਵਰਲਡ ਪੰਜਾਬੀ ਟਾਈਮਜ਼ — ਹਰਦਮ ਮਾਨ




ਸਰੀ, 3 ਨਵੰਬਰ ਗਿਆਨੀ ਗੁਰਦਿੱਤ ਸਿੰਘ ਭਾਰਤੀ ਭਾਸ਼ਾਵਾਂ ਵਿੱਚ ਕੀਤਾ ਜਾਵੇਗਾ। ਇਹ ਐਲਾਨ ਚੰਡੀਗੜ੍ਹ ਸਾਹਿਤਕ ਅਕਾਦਮੀ ਵੱਲੋਂ ਪੀਪਲਜ਼ ਕਨਵੈਨਸ਼ਨ ਸੈਂਟਰ ਚੰਡੀਗੜ੍ਹ ਵਿਖੇ ਗਿਆਨੀ ਗੁਰਦਿੱਤ ਸਿੰਘ ਦੀ ਜਨਮ ਸ਼ਤਾਬਦੀ ਸਬੰਧੀ ਕਰਵਾਏ ਗਏ ਵਿਸ਼ੇਸ਼ ਸਮਾਗਮ ਦੌਰਾਨ ਸਾਹਿਤ ਅਕਾਦਮੀ ਦਿੱਲੀ ਦੇ ਪ੍ਰਧਾਨ ਮਾਧਵ ਕੌਸ਼ਿਕ ਅਤੇ ਅਕਾਦਮੀ ਵੱਲੋਂ ਪੰਜਾਬੀ ਬੋਲੀ ਦੀ ਕਮੇਟੀ ਦੇ ਨੈਸ਼ਨਲ ਕਨਵੀਨਰ ਡਾ. ਰਵੇਲ ਸਿੰਘ ਨੇ ਕੀਤਾ। ਇਸ ਸਮਾਗਮ ਦੀ ਪ੍ਰਧਾਨਗੀ ਪਦਮ ਸ਼੍ਰੀ ਸੁਰਜੀਤ ਸਿੰਘ ਪਾਤਰ ਨੇ ਕੀਤੀ ਅਤੇ ਮੁੱਖ ਮਹਿਮਾਨ ਡਾ. ਰਵੇਲ ਸਿੰਘ ਸਨ। ਪਟਿਆਲੇ ਤੋਂ ਵਿਸ਼ੇਸ਼ ਸੱਦੇ ਉਤੇ ਪਹੁੰਚੇ ਡਾ. ਜਸਵਿੰਦਰ ਸਿੰਘ ਨੇ ਆਪਣੇ ਵਿਦਵਤਾ ਭਰਪੂਰ ਭਾਸ਼ਨ ਦੌਰਾਨ 'ਮੇਰਾ ਪਿੰਡ' ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਇਹ ਕਿਤਾਬ ਵਾਰ-ਵਾਰ ਪੜ੍ਹਨ ਨਾਲ ਇਸ ਵਿੱਚੋਂ ਹਰ ਵਾਰ ਕੁਝ ਨਾ ਕੁਝ ਨਵਾਂ ਸਿੱਖਣ ਲਈ ਮਿਲਦਾ ਹੈ। ਇਸ ਪੁਸਤਕ ਵਿੱਚ ਪੰਜਾਬੀ ਜੀਵਨ ਦਾ ਖੇੜਾ, ਖੁਸ਼ੀ-ਗ਼ਮੀ, ਜਨਮ-ਮਰਨ ਤੋਂ ਲੈ ਕੇ ਹਰ ਗੱਲ ਦਾ ਜ਼ਿਕਰ ਇਸ ਢੰਗ ਨਾਲ ਪੇਸ਼ ਕੀਤਾ ਗਿਆ ਹੈ ਕਿ ਗਿਆਨੀ ਜੀ ਆਪ ਇਸ ਵਿੱਚ ਕਿਸੇ ਸਿੱਧੇ ਰੂਪ ਵਿੱਚ ਨਜ਼ਰ ਨਹੀਂ ਆਉਂਦੇ। ਲੇਖਕ ਨੇ ਵਿਲੱਖਣ ਢੰਗ ਨਾਲ ਸਭਿਆਚਾਰਕ, ਧਾਰਮਿਕ ਅਤੇ ਰਾਜਨੀਤਕ ਵੰਨਗੀਆਂ ਪੇਸ਼ ਕੀਤੀਆਂ ਹਨ।

ਡਾ. ਮਨਜਿੰਦਰ ਸਿੰਘ ਮੁਖੀ ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਗਿਆਨੀ ਗੁਰਦਿੱਤ ਸਿੰਘ ਦੀਆਂ ਧਾਰਮਿਕ ਕਿਤਾਬਾਂ, 'ਇਤਿਹਸ ਸ਼੍ਰੀ ਗੁਰੂ ਗ੍ਰੰਥ ਸਾਹਿਬ', 'ਭਗਤ ਬਾਣੀ', 'ਇਤਿਹਸ ਸ਼੍ਰੀ ਗੁਰੂ ਗ੍ਰੰਥ ਸਾਹਿਬ ਮੁੰਦਾਵਣੀ' ਅਤੇ ਉਨ੍ਹਾਂ ਦੀ ਪੁਰਾਣੀ ਕਿਤਾਬ 'ਭੱਟ' ਤੇ ਉਨ੍ਹਾਂ ਦੀ ਰਚਨਾ ਬਾਰੇ ਚਾਨਣਾ ਪਾਇਆ। ਗਿਆਨੀ ਗੁਰਦਿੱਤ ਸਿੰਘ ਦੇ ਸਪੁੱਤਰ ਰੂਪਿੰਦਰ ਸਿੰਘ (ਸਾਬਕਾ ਐਸੋਸੀਏਟ ਐਡੀਟਰ ਦੀ ਟ੍ਰਿਬਿਊਨ) ਨੇ ਯਾਦਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਭਾਵੇਂ ਗਿਆਨੀ ਜੀ ਆਮ ਤੌਰ ਉਤੇ ਖੱਬੇ ਹੱਥ ਨਾਲ ਲਿਖਦੇ ਸਨ ਪਰ ਜਦੋਂ ਉਹ 30-32 ਸਫੇ ਲਿਖ ਲੈਂਦੇ ਸਨ ਤਾਂ ਫੇਰ ਬਾਕੀ ਲਿਖਤ ਸੱਜੇ ਹੱਥ ਨਾਲ ਲਿਖਣਾ ਸ਼ੁਰੂ ਕਰ ਦਿੰਦੇ ਸਨ। ਇਸ ਤਰ੍ਹਾਂ ਉਹ ਦੋਵੇਂ ਹੱਥੀਂ ਲਿਖਦੇ ਸਨ। ਉਨ੍ਹਾਂ ਇਹ ਵੀ ਦੱਸਿਆ ਕਿ ਗਿਆਨੀ ਜੀ ਦੀ ਲਿਖਾਈ ਸਾਥੋਂ ਨਹੀਂ ਪੜ੍ਹੀ ਜਾਂਦੀ ਸੀ, ਉਨ੍ਹਾਂ ਦੀ ਲਿਖਾਈ ਸਿਰਫ਼ ਉਨ੍ਹਾਂ ਦਾ ਵਿਸ਼ੇਸ਼ ਟਾਈਪਿਸਟ ਹੀ ਪੜ੍ਹਦਾ ਹੁੰਦਾ ਸੀ ਅਤੇ ਪਾਪਾ ਜੋ ਵੀ ਲਿਖਦੇ ਸਨ ਪਹਿਲਾਂ ਮਾਤਾ ਜੀ ਨੂੰ ਜ਼ਰੂਰ ਪੜ੍ਹਾਉਂਦੇ ਸਨ। ਮੇਰਾ ਪਿੰਡ ਦੇ ਪਹਿਲੇ ਪਰੂਫ ਵੀ ਮਾਤਾ ਜੀ ਨੇ ਹੀ ਪੜ੍ਹੇ ਸਨ। ਪ੍ਰਸਿੱਧ ਪੰਜਾਬੀ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਨੇ ਦੱਸਿਆ ਕਿ ਗਿਆਨੀ ਜੀ ਨੇ ਜਿੱਥੇ ਸ਼ਾਹਕਾਰ ਕਿਤਾਬ 'ਮੇਰਾ ਪਿੰਡ' ਲਿਖੀ, ਉਥੇ ਉਨ੍ਹਾਂ ਹੋਰ ਅਨੇਕਾਂ ਧਾਰਮਿਕ ਕਿਤਾਬਾਂ ਵੀ ਲਿਖੀਆਂ। 1200 ਗੁਰਦੁਆਰਿਆਂ ਬਾਰੇ ਖੋਜ ਕਰਨ ਦੇ ਨਾਲ-ਨਾਲ ਉਨ੍ਹਾਂ ਸਿੱਖਾਂ ਦੇ ਪੰਜਵੇਂ ਤਖ਼ਤ ਤਲਵੰਡੀ ਸਾਬੋ (ਦਮਦਮਾ ਸਾਹਿਬ) ਬਾਰੇ ਖੋਜ ਕੀਤੀ, ਜਿਸ ਦੀ ਬੁਨਿਆਦ ਉੱਤੇ ਦਮਦਮਾ ਸਾਹਿਬ ਨੂੰ ਪੰਜਵੇਂ ਤਖ਼ਤ ਦੇ ਤੌਰ 'ਤੇ ਮਾਨਤਾ ਦਿੱਤੀ ਗਈ। ਬਲਦੇਵ ਸਿੰਘ ਨੇ ਗਿਆਨੀ ਗੁਰਦਿੱਤ ਸਿੰਘ 'ਤੇ ਸਾਹਿਤਕ ਅਕਾਦਮੀ ਦਿੱਲੀ ਵੱਲੋਂ ਪ੍ਰਕਾਸਿਤ ਮੋਨੋਗ੍ਰਾਮ ਲਿਖੀ ਹੈ, ਜੋ 'ਭਾਰਤੀ ਸਾਹਿਤ ਦੇ ਨਿਰਮਾਤਾ' ਲੜੀ ਵਿੱਚ ਛਾਪੀ ਗਈ ਹੈ।

ਡਾ. ਅਵਤਾਰ ਸਿੰਘ ਨੇ 'ਮੇਰਾ ਪਿੰਡ' ਬਾਰੇ ਬੋਲਦਿਆਂ ਕਿਹਾ ਕਿ ਇਸ ਪੁਸਤਕ ਰਾਹੀਂ ਪੇਂਡੂ ਸਮਾਜ ਨੂੰ ਅਸੀਂ ਸ਼ੀਸ਼ੇ ਵਾਂਗ ਦੇਖਦੇ ਹਾਂ, ਚਾਹੇ ਕੁਝ ਸਮਾਜਿਕ ਹਨੇਰੇ ਕੋਨਿਆਂ 'ਤੇ ਪੂਰੀ ਰੌਸ਼ਨੀ ਨਹੀਂ ਪੈਂਦੀ। ਅਕਾਦਮੀ ਦੇ ਸੈਕਟਰੀ ਸੁਭਾਸ਼ ਭਾਸਕਰ ਨੇ ਪ੍ਰੋਗਰਾਮ ਦੀ ਅਗਵਾਈ ਕੀਤੀ। ਚੰਡੀਗੜ੍ਹ ਸਾਹਿਤਕ ਅਕਾਦਮੀ ਦੇ ਵਾਈਸ ਚੇਅਰਮੈਨ ਮਨਮੋਹਨ ਨੇ ਗਿਆਨੀ ਗੁਰਦਿੱਤ ਸਿੰਘ ਦੇ ਜੀਵਨ ਅਤੇ ਰਚਨਾ ਬਾਰੇ ਸੰਖੇਪ ਜਾਣਕਾਰੀ ਦਿੱਤੀ। ਚੇਅਰਮੈਨ ਮਾਧਵ ਕੌਸ਼ਿਕ ਨੇ ਕਿਹਾ ਕਿ ਅੱਜ-ਕੱਲ੍ਹ ਪੰਜਾਬੀ ਦੇ ਬਹੁਤੇ ਲੇਖਕਾਂ ਦੀਆਂ ਲਿਖਤਾਂ ਉਨ੍ਹਾਂ ਦੇ ਮਰਨ ਉਪਰੰਤ ਹੀ ਖ਼ਤਮ ਹੋ ਜਾਂਦੀਆਂ ਹਨ ਪ੍ਰੰਤੂ ਗਿਆਨੀ ਗੁਰਦਿੱਤ ਸਿੰਘ ਦੀ 'ਮੇਰਾ ਪਿੰਡ' ਐਸੀ ਕਲਾਸਿਕ ਰਚਨਾ ਹੈ ਕਿ ਉਨ੍ਹਾਂ ਤੋਂ ਬਾਅਦ ਵੀ ਬੁਲੰਦੀ ਨਾਲ ਪੜ੍ਹੀ ਜਾ ਰਹੀ ਹੈ।

ਸਮਾਗਮ ਵਿਚ ਹਾਜਰ ਪਤਵੰਤੇ ਸਰੋਤਿਆਂ ਵਿੱਚ ਅਲਾਹਾਬਾਦ ਹਾਈ ਕੋਰਟ ਦੇ ਸਾਬਕਾ ਚੀਫ਼ ਜਸਟਿਸ ਐਸ.ਐਸ. ਸੋਢੀ ਅਤੇ ਸ਼੍ਰੀਮਤੀ ਬੋਨੀ ਸੋਢੀ, ਪੰਜਾਬੀ ਟ੍ਰਿਬਿਊਨ ਦੇ ਸਾਬਕਾ ਐਡੀਟਰ ਗੁਲਜ਼ਾਰ ਸਿੰਘ ਸੰਧੂ, ਗੁਰਦੀਸ਼ ਸਿੰਘ ਚੀਮਾ ਆਈ.ਏ.ਐਸ., ਅਵਤਾਰ ਸਿੰਘ ਪਾਲ, ਪ੍ਰਿੰਸੀਪਲ ਗੁਰਦੇਵ ਕੌਰ, ਲੇਖਕ ਮਨਮੋਹਨ ਸਿੰਘ ਦਾਊਂ, ਕੇਂਦਰੀ ਸਿੰਘ ਸਭਾ ਦੇ ਆਗੂ ਡਾ. ਖੁਸ਼ਹਾਲ ਸਿੰਘ ਅਤੇ ਗੁਰਪ੍ਰੀਤ ਸਿੰਘ, ਪੰਜਾਬ ਡਿਜ਼ੀਟਲ ਲਾਇਬਰੇਰੀ ਦੇ ਦੇਵਿੰਦਰ ਸਿੰਘ, ਉੱਘੇ ਅਲੋਚਕ ਜਸਪਾਲ ਸਿੰਘ, ਉੱਘੇ ਚਿੱਤਰਕਾਰ ਆਰ.ਐਮ. ਸਿੰਘ ਅਤੇ ਗੁਰਪ੍ਰੀਤ ਸਿੰਘ ਹਾਜ਼ਰ ਸਨ।

# ਰਾਜ਼ੀਨਾਮਾ

ਵਰਲਡ ਪੰਜਾਬੀ ਟਾਈਮਜ਼
ਰਣਬੀਰ ਸਿੰਘ ਪ੍ਰਿੰਸ

ਹਾਂ ਬਈ ਮਾਹਟਰਾ ਕੀ ਸੋਚਿਆ ਫੇਰ,ਕਰੀ ਕੋਈ ਗੌਰ ਗੱਲ! ਪ੍ਰਧਾਨ ਜੀ ਕਿਉਂ ਮਸਲੇ ਨੂੰ ਉਲਝਾ ਰੱਖਿਆ। ਤੁਹਾਨੂੰ ਮੇਰੇ ਬਾਰੇ ਪਤਾ ਕੱਲਾ ਕੱਲਾ ਬੱਚਾ ਗਵਾਹ ਏਸ ਗੱਲ। ਕਿਹੜੇ ਗਵਾਹਾਂ ਦੀ ਗੱਲ ਕਰਦੇ ਹੋ ਮਾਹਟਰ ਜੀ ਇਹ ਤਾਂ ਬੱਚੇ ਨੇ ਭੋਲੇ ਤੇ ਉੱਤੋਂ ਨਾ ਸਮਝ ਤੁਹਾਨੂੰ ਤਾਂ ਪਤਾ ਨਾ ਸਮਝ ਦੀ ਤਾਂ ਗਵਾਹੀ ਨਹੀਂ ਮੰਨੀਂ ਜਾਂਦੀ।ਸੋ ਤੁਸੀਂ ਲੈ ਦੇ ਗੱਲ ਨਿਬੜੋ।ਚੰਗੇ ਰਹੋਗੇ। ਨਹੀਂ ਤਾਂ ਐਵੇਂ ਥਾਣੇ ਕਚਹਿਰੀਆਂ ਵਿੱਚ ਖੱਜਲ ਖੁਆਰ ਹੁੰਦੇ ਫਿਰੋਗੇ। ਚੰਗੀ ਗੱਲ ਐ।ਪਰ ਪ੍ਰਧਾਨ ਜੀ ਜਦੋਂ ਮੈਂ ਕੁਝ ਕੀਤਾ ਹੀ ਨਹੀਂ,ਨਾ ਭਲਾਂ ਮੈਂ ਕਿਵੇਂ ਪੈਸੇ ਨੂੰ ਹਾਂ ਕਰ ਦਿਆਂ। ਕਿਉਂ ਮਾਸਟਰ ਆ ਭੋਲੀਆਂ ਗੱਲਾਂ ਕਰਦਾ ਇਹ ਠਾਣੇ ਕਚਹਿਰੀਆਂ ਚ ਕੋਈ ਨਹੀਂ ਸੁਣਦਾ ਇਸ ਤਰਾਂ ਜਵਾਨੀ ਕਲਾਮੀ ਗੱਲਾਂ ਨੂੰ ਇੱਥੇ ਤਾਂ ਉਹ ਸੱਚ ਆ ਜੋ ਕਿਸੇ ਨੇ ਕਹਿ ਦਿੱਤਾ। ਨਾਲ਼ੇ ਮੈਂ ਤਾਂ ਜੋ ਕੁੜੀ ਦੀ ਮਾਂ ਦੇ ਮੂੰਹੋਂ ਸੁਣਿਆ ਉਹ ਦੱਸ ਦਿੱਤਾ ਅੱਗੇ ਤੁਹਾਡੀ ਮਰਜ਼ੀ। ਗੱਲ ਪੈਸੇ ਨਾਲ ਮੁਕਾਉਣੀ ਹੈ ਜਾਂ ਕਚਹਿਰੀ ਵਿੱਚ। ਇਹ ਆਖ ਭੰਤਾ ਪ੍ਰਧਾਨ ਖੱਚਰੀ ਹਾਸੀ ਹੱਸਦਿਆਂ ਅੱਗੇ ਲੰਘ ਗਿਆ। ਮਾਸਟਰ ਦਰਸ਼ਨ ਢੀਂਗਰਾ ਬਹੁਤ ਦੁਖੀ ਹੋਇਆ। ਫੇਰ ਉਹ ਡੂੰਘੀ ਸੋਚ ਵਿੱਚ ਡੁੱਬ ਗਿਆ। ਉਸ ਨੂੰ ਲੱਗਿਆ ਜਿਵੇਂ ਭਲਾਈ ਦਾ ਤਾਂ ਜਿਵੇਂ ਜ਼ਮਾਨਾ ਹੀ ਨਾ ਰਿਹਾ ਹੋਵੇ।ਨਾ ਉਹ ਉਸ ਦਿਨ ਕੁੜੀ ਦੀ ਮਾਂ ਨੂੰ ਕੁੜੀ ਦੇ ਚਾਲ ਚਲਣ ਬਾਰੇ ਦੱਸਦਾ ਤੇ ਨਾ ਇਹ ਗਲ਼ ਸਿਆਪਾ ਪੈਂਦਾ।ਆਪੇ ਭੱਜ ਭੁੱਜ ਕੇ ਵਿਆਹ ਕਰਵਾ ਕੇ ਚਾਰ ਦਿਨਾਂ ਨੂੰ ਵਾਪਸ ਆ ਜਾਂਦੀ।ਪਰ ਉਸ ਦਾ ਲੋਕ ਭਲਾਈ ਤੇ ਸਿਆਣਪ ਦਾ ਜਨੂੰਨ ਹੀ ਅੱਜ ਉਸ ਨੂੰ ਲੈ ਕੇ ਬੈਠ ਗਿਆ। ਕੁੜੀ ਦੀ ਮਾਂ ਨੇ ਤਾਂ ਉਲਟਾ ਉਸ ਨੂੰ ਹੀ ਦੋਸ਼ੀ ਬਣਾ ਦਿੱਤਾ। ਪ੍ਰਧਾਨ ਦੀ ਚੱਕ ਤੇ ਹਿੱਸੇ ਪੱਤੀ ਕਰਕੇ ਗੇਲੋ ਵੀ ਟੱਸ ਤੋਂ ਮੱਸ ਨਾ ਹੋਈ। ਆਖ਼ਰਕਾਰ 10 ਲੱਖ ਤੱਕ ਲਿਖਤੀ ਰਾਜ਼ੀਨਾਮਾ ਹੋਇਆ। ਪ੍ਰਧਾਨ ਵੀ ਖੁਸ਼ ਤੇ ਗੇਲੋ ਵੀ ਖੁਸ਼।

ਮਾਸਟਰ ਢੀਂਗਰਾ ਸ਼ਰਮਿੰਦਗੀ ਦਾ ਮਾਰਿਆ ਬਦਲੀ ਕਰਵਾ ਗਿਆ। ਨਵੇਂ ਥਾਂ ਭਾਵੇਂ ਸਕੂਲ ਦਾ ਮਾਹੌਲ ਵਧੀਆ ਸੀ, ਪਰ ਪਿਛਲੇ ਸਕੂਲ ਵਾਲ਼ਾ ਵਾਕਿਆ ਉਸ ਦੀਆਂ ਅੱਖਾਂ ਸਾਹਵੇਂ ਘੁੰਮਦਾ ਰਹਿੰਦਾ। ਹੁਣ ਜਿਵੇਂ ਅਧਿਆਪਨ ਦਾ ਕਿੱਤਾ ਉਸ ਨੂੰ ਸਰਾਪ ਜਾਪਣ ਲੱਗਾ। ਟੀਚਰ ਸ਼ਬਦ ਹੁਣ ਉਸ ਲਈ ਸਿਰਫ਼ ਟਿੱਚਰ ਬਣ ਕੇ ਰਹਿ ਗਿਆ।ਪਰ ਜਿੰਨੀ ਦੇਰ ਕੋਈ ਦੂਸਰੀ ਨੌਕਰੀ ਨਹੀਂ ਮਿਲਦੀ ਕੁਝ ਨਹੀਂ ਸੀ ਹੋ ਸਕਦਾ। ਪਟਵਾਰੀ, ਕਾਨੂੰਗੋ ਅਤੇ ਏ.ਐੱਸ.ਆਈ.ਦੀ ਭਰਤੀ ਦੇ ਵਿੱਚ ਸਿਲੈਕੱਟ ਹੋ ਚੁੱਕਾ ਸੀ।ਪਰ ਜੁਆਇੰਨਿੰਗ ਲੈੱਟਰ ਬਾਕੀ ਸੀ।ਪਰ ਕਦੋਂ ਬੁਲਾਉਣਗੇ ਪਤਾ ਨਹੀਂ?ਊਠ ਦੇ ਬੁੱਲ੍ਹ ਵਾਂਗ ਸੀ ਕਿ ਹੁਣ ਡਿੱਗਿਆ, ਸਵੇਰ ਡਿੱਗਿਆ।ਇੱਕ ਦਿਨ ਅਚਾਨਕ ਮੇਲ ਆਈ ।ਜਿਸ ਵਿੱਚ ਏ. ਐੱਸ .ਆਈ. ਦੇ ਲਈ ਕਾਲ ਲੈੱਟਰ ਭੇਜਿਆ ਗਿਆ ।ਉਸ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ । ਉਹ ਅਗਲੇ ਦਿਨ ਆਪਣੇ ਸਾਰੇ ਡਾਕੂਮੈਂਟ ਇਕੱਤਰ ਕਰ ਤਿਆਰ ਹੋ ਗਿਆ। ਬੜਾ ਖੁਸ਼ ਸੀ ਕਿ ਚਲੋ ਚੰਗਾ ਹੋਇਆ ਕੇ ਟੀਚਰ ਤੋਂ ਟਿੱਚਰ ਬਣਨ ਨਾਲੋਂ ਤਾਂ ਚੰਗਾ ਮੈਂ ਪੰਜਾਬ ਪੁਲਿਸ ਦੀ ਵਰਦੀ ਵਿੱਚ ਅਰਾਮ ਨਾ ਸਹੀ ਘੱਟੋ ਘੱਟ ਰਿਸਪੈਕਟ ਤਾਂ ਹੈ ।ਫਿਰ ਉਹ ਭਾਵੇਂ ਡਰ ਕਾਰਨ ਹੋਵੇ ਜਾ ਸਤਿਕਾਰ ਕਾਰਨ ਰੋਹਬ ਵੱਖਰਾ। ਉਸਨੇ ਜੁਆਇੰਨ ਕੀਤਾ। ਇੱਧਰ ਇੱਕ ਮਹੀਨੇ ਦੀ ਤਨਖ਼ਾਹ ਜਮਾਂ ਕਰਵਾ ਅਸਤੀਫ਼ਾ ਦੇ ਦਿੱਤਾ। ਏ.ਐਸ.ਆਈ.ਜਾ ਲੱਗਾ। ਟਰੇਨਿੰਗ ਤੋਂ ਕੁਝ ਮਹੀਨੇ ਬਾਅਦ ਉਸ ਨੇ ਥਾਣੇ ਜੁਆਇਨ ਕੀਤਾ।

ਇੱਕ ਦਿਨ ਅਚਾਨਕ ਭੰਤਾ ਪ੍ਰਧਾਨ ਆਪਣੀ ਲੜਕੀ ਸੁਤੰਤਰ ਦੇ ਅੰਤਰ ਕਾਸਟ ਵਿਆਹ ਕਰਵਾਉਣ ਲਈ ਘਰੋਂ ਭੱਜ ਜਾਣ ਦੀ ਇਤਲਾਹ ਦੇਣ ਲਈ ਆਉਂਦਾ ਹੈ।ਮੁਨਸ਼ੀ ਰਿਪੋਰਟ ਲਿਖ ਕੇ ਭੰਤੇ ਨੂੰ ਸਾਹਬ ਨੂੰ ਮਿਲਣ ਲਈ ਕਹਿੰਦਾ ਹੈ। ਪ੍ਰਧਾਨ ਜੀ ਜਦੋਂ ਅੰਦਰ ਜਾਂਦਾ ਤਾਂ ਅੰਦਰ ਮਾਸਟਰ ਜੀ ਦੇਖ ਕਹਿੰਦਾ ਮਾਸਟਰ ਜੀ ਤੁਸੀਂ! ਇੱਥੇ ਕਿਵੇਂ? ਇਸ ਤੋਂ ਪਹਿਲਾਂ ਕਿ ਮਾਸਟਰ ਦਰਸ਼ਨ ਢੀਂਗਰਾ ਕੁਝ ਬੋਲਦਾ।ਪਿੱਛੇ ਹੀ ਆਇਆ ਮੁਨਸ਼ੀ ਬੋਲਿਆ ਪ੍ਰਧਾਨ ਜੀ ਕੀ ਕਰੀ ਜਾਂਦੇ ਹੋ ਇਹ ਨਵੇਂ ਆਏ ਸਾਹਬ ਸ੍ਰੀ ਦਰਸ਼ਨ ਢੀਂਗਰਾ ਜੀ ਹਨ। ਸਿਵਲ ਕੱਪੜਿਆਂ ਵਿੱਚ, ਰੱਬ ਭਲੀ ਕਰੇ! ਪ੍ਰਧਾਨ ਜੀ ਦੇ ਪੈਰਾਂ ਥੱਲਿਓਂ ਜਿਵੇਂ ਸੁਣ ਕੇ ਜ਼ਮੀਨ ਖਿਸਕ ਗਈ ਹੋਵੇ। ਦੱਸੋ ਪ੍ਰਧਾਨ ਜੀ ਸਾਡੇ ਲਾਇਕ ਕੀ ਸੇਵਾ ਹੈ? ਢੀਂਗਰਾ ਸਾਹਬ ਪ੍ਰਧਾਨ ਦੀ ਚੁੱਪੀ ਤੋੜਦਿਆਂ ਬੋਲੇ।ਢੀਂਗਰਾ ਸਾਹਬ ਸੇਵਾ ਕੀ ਦੱਸੀਏ ਬੇਟੀ ਘਰੋਂ ਚਲੀ ਗਈ ਹੈ।ਵਰਗਲਾ ਕੇ ਲੈ ਗਿਆ ਕਮਬਖ਼ਤ,ਆਹ ਨਾਲ਼ ਦੇ ਪਿੰਡੋਂ।ਕੌਣ? ਤੁਹਾਨੂੰ ਪਤਾ ਹੈ। ਢੀਂਗਰਾ ਸਾਹਬ ਨੇ ਪੁੱਛਿਆ।ਹਾਂ ਜੀ ਉਸ ਦੇ ਨਾਲ ਹੀ ਪੜ੍ਹਦਾ ਹੈ। ਪ੍ਰਧਾਨ ਜੀ ਲੜਕਾ, ਲੜਕੀ ਬਾਲਗ ਹੈ ਜਾਂ ਨਾਬਾਲਗ ? ਪ੍ਰਧਾਨ ਜੀ ਦੇ ਕੁਝ ਬੋਲਣ ਤੋਂ ਪਹਿਲਾਂ ਹੀ, ਮੁਨਸ਼ੀ ਚੰਦ ਭਾਨ" ਬੋਲਿਆ "ਜੀ ਰਿਪੋਰਟ ਅਨੁਸਾਰ ਤਾਂ ਬਾਲਗ ਨੇ ਦੋਵੇਂ। ਰੱਬ ਭਲੀ ਕਰੇ ! ਪ੍ਰਧਾਨ ਜੀ ਦੇ ਦੱਸੇ ਅਨੁਸਾਰ, ਹੈ ਕਿ ਨਹੀਂ ਪ੍ਰਧਾਨ ਜੀ। ਹਾਂ ਜੀ ਪ੍ਰਧਾਨ ਜੀ ਕੁਝ ਨਮੋਸ਼ੀ ਨਾਲ਼ ਬੋਲੇ। ਦੇਖੋ ਪ੍ਰਧਾਨ ਜੀ ਮੁੰਡਾ ਤੇ ਕੁੜੀ ਦੋਵੇਂ ਨੇ ਬਾਲਗ ਤੇ ਕੁੜੀ ਨੇ ਜੇ ਮੁੰਡੇ ਹੱਕ ਵਿੱਚ ਬਿਆਨ ਦੇ ਦਿੱਤੇ ਤਾਂ ਕਾਨੂੰਨ ਵੀ ਕੁਝ ਨਹੀਂ ਕਰ ਸਕਦਾ ।ਹਾਂ ਚੰਗੀ ਗੱਲ ਹੈ ਜੇ ਘਰ ਦੀ ਗੱਲ ਘਰ ਵਿੱਚ ਰਹਿ ਜਾਵੇ, ਨਹੀਂ ਤਾਂ ਤਾਂ ਥਾਣੇ ਕਚਹਿਰੀਆਂ ਚੱਕਰਾਂ ਵਿੱਚ ਪੈ ਕੇ ਬੰਦੇ ਦਾ ਆਪਣਾ ਚੱਕਰਚੂੰਡਾ ਹੋ ਜਾਂਦਾ।ਚੰਗੀ ਗੱਲ ਹੈ ਜੇ ਆਪਸ ਵਿੱਚ ਲੈ ਦੇ ਕੇ ਰਾਜ਼ੀਨਾਮਾ ਹੁੰਦਾ। ਨਾਲ਼ੇ ਫਿਰ ਤੁਸੀਂ ਆਪ ਸਿਆਣੇ ਹੋ,ਗੱਲ ਸਮਝੀ ਦੀ ਹੁੰਦੀ ਐ। ਪ੍ਰਧਾਨ ਜੀ ਕੰਨ ਜੇ ਵਲੇਟਦਾ ਘਰ ਵੱਲ ਨੂੰ ਤੁਰ ਪਿਆ। ਸਕੂਲ ਵਾਲ਼ਾ ਵਾਕਿਆ ਜਿਵੇਂ ਉਸ ਦੀਆਂ ਅੱਖਾਂ ਅੱਗੇ ਆ ਗਿਆ ਹੋਵੇ। ਭੰਤੇ ਪ੍ਰਧਾਨ ਦੀ ਦੀ ਖਾਮੋਸ਼ੀ ਜਿਵੇਂ ਰਾਜ਼ੀਨਾਮੇ ਲਈ ਰਾਜ਼ੀ ਹੋ ਗਈ ਹੋਵੇ।ਮਾਸਟਰ ਦਰਸ਼ਨ ਢੀਂਗਰਾ ਜਿਵੇਂ ਅੱਜ ਭੰਤੇ ਪ੍ਰਧਾਨ ਦੇ ਕੀਤੇ ਕਰਮਾਂ ਦੇ ਫ਼ਲ ਤੇ ਅੰਦਰੋਂ ਅੰਦਰੀ ਮੁਸਕਰਾ ਰਿਹਾ ਹੋਵੇ।

# ਦਸਵੰਧ ਦੇਣਾ

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਂਰਗ




ਜੋ ਸਿੱਖ ਕੀਰਤ ਕਰਦਾ ਹੈ।
ਉਸ ਨੂੰ ਲੋੜਵੰਦਾਂ ਦੇ ਭਲੇ ਲਈ ਅਤੇ ਧਰਮ ਦੇ ਕਾਰਜਾਂ ਵਾਸਤੇ ਆਪਣੀ ਕਮਾਈ ਦਾ
ਦਸਵੰਧ ਕਢਣ ਵੇਲੇ ਕਦੇ ਮਨ ਵਿਚ ਖਿਆਲ ਨਾ ਆਵੇਦਸਵਾਂ ਹਿੱਸਾ ਜ਼ਰੂਰ ਕਢਣਾ ਹੈ। ਸਿੱਖ ਨੇ ਕਦੇ ਵੀ ਕਮਾਈ ਦਾ ਦਸਵਾਂ ਹਿੱਸਾ ਆਪਣਾ ਨਹੀਂ ਸਮਝਣਾਂ। ਉਸ ਨੂੰ ਗੁਰੂ ਸਾਹਿਬ ਜੀ ਦਾ ਸਮਝਣਾ ਹੈ।
ਕਦੇ ਸਿੰਖ ਦੇ ਮਨ ਵਿਚ ਖਿਆਲ ਨਾ ਆਵੇ ਕਿ ਮੈਂ ਇਹ ਦਿੱਤਾ ਹੈ। ਕਿਉਂਕਿ ਇਹ ਗੁਰੂ ਦੀ ਮਾਇਆ ਹੈ
ਸਿੱਖ ਨੂੰ ਅੰਨ, ਕਪੜਾ ਜਾਂ ਹੋਰ ਚੀਜ਼ਾਂ ਦਾ ਹਿੱਸਾ ਪਾ ਸਕਦਾ ਹੈ।
ਅੱਜ ਕੱਲ ਇਕ ਗੱਲ ਹੋਰ ਚਲੀ ਹੈ ਬਹੁਤ ਜੱਲਦੀ ਜੋ ਸੁੰਹ ਚੁੱਕੇ ਉਸ ਤੇ ਇਤਬਾਰ ਨਹੀ ਕਰਨਾ ਹੈ। ਸੱਚਾ ਸਿੱਖ ਕਦੇ ਸੁੰਹ ਨਹੀਂ ਚੁੱਕਦਾ।ਉਹ ਆਪਣੇ ਬਚਨਾਂ ਨੂੰ ਪੂਰਾ ਕਰਦਾ ਹੈ।
ਜੋ ਵਿਅਕਤੀ ਹਰ ਗੱਲ ਤੇ ਸੁੰਹ ਖਾਵੇ
ਉਸ ਤੋਂ ਦੂਰੀ ਬਣਾ ਕੇ ਰੱਖੋਂ।
ਸੱਚਾ ਸਿੱਖ ਪਰ ਕਦੇ ਵੀ ਕਿਸੇ ਦੀ ਝੂਠੀ ਗਵਾਹੀ ਵੀ ਨਹੀਂ ਭਰਦਾ। ਹਮੇਸ਼ਾ ਸੱਚ ਤੇ ਪਹਿਰਾ ਦਿੰਦਾ ਹੈ।
ਉਸ ਤੇ ਅਕਾਲ ਪੁਰਖ ਮਿਹਰਵਾਨ ਰਹਿੰਦਾ ਹੈ।
ਇਸ ਤਰ੍ਹਾਂ ਸਭ ਨੂੰ ਆਪਣਾ ਦਸਵੰਧ ਕਢਣ ਦੀ ਲੋੜ ਹੈ।
ਖਾਲਸੇ ਨੇ ਧਰਮ ਦੇ ਨਾਲ ਬਾਕੀ ਵੀ ਚੀਜ਼ਾਂ ਵਿੱਚ ਪੂਰੇ ਬਣਕੇ ਰਹਿਣਾ ਹੈ।
ਦੁਨੀਆਂ ਦੇ ਗਿਆਨ ਵਾਸਤੇ ਰਾਜ ਨੀਤੀ ਵੀ ਪੜ੍ਹਣੀ ਚਾਹੀਦੀ ਹੈ। ਸਿੱਖਾਂ ਨੂੰ ਬਹੁਤ ਜ਼ਰੂਰੀ ਹੈ।ਉਹ ਰਾਜ ਨੀਤੀ ਵੀ ਪੜ੍ਹੇ ਤੇ ਸਭ ਚੀਜ਼ਾਂ ਵਿੱਚ ਹਿੱਸਾਂ ਲਵੇ ਤੇ ਦਸਵੰਧ ਦਾ ਵੀ ਤਾ ਹੀ ਪਤਾ ਲਗੇਗਾ ਜਦੋਂ ਉਹ ਪੜ੍ਹਾਈ ਕਰਨ ਨਾਲ ਸਮਝੇਗਾ।

# ਪੰਜਾਬੀ ਦਾ ਚਰਚਿਤ ਆਧੁਨਿਕ ਕਹਾਣੀਕਾਰ – ਰਮੇਸ਼ ਗਰਗ

ਵਰਲਡ ਪੰਜਾਬੀ ਟਾਈਮਜ਼
ਮੰਗਤ ਗਰਗ



ਮਨੁੱਖ ਦੇ ਜਨਮ ਦੇ ਨਾਲ ਹੀ ਕਹਾਣੀ ਦਾ ਵੀ ਜਨਮ ਹੋਇਆ ਅਤੇ ਕਹਾਣੀਆਂ ਸੁਣਨਾ ਅਤੇ ਸੁਣਨਾ ਮਨੁੱਖ ਦਾ ਮੁੱਢਲਾ ਸੁਭਾਅ ਬਣ ਗਿਆ। ਇਸੇ ਕਾਰਨ ਹਰ ਸੱਭਿਅਕ ਅਤੇ ਅਣਸੱਭਿਅਕ ਸਮਾਜ ਵਿੱਚ ਕਹਾਣੀਆਂ ਪਾਈਆਂ ਜਾਂਦੀਆਂ ਹਨ। ਸਾਡੇ ਦੇਸ਼ ਵਿੱਚ ਕਹਾਣੀਆਂ ਦੀ ਬਹੁਤ ਲੰਬੀ ਅਤੇ ਅਮੀਰ ਪਰੰਪਰਾ ਰਹੀ ਹੈ।
ਕਹਾਣੀ ਪੰਜਾਬੀ ਵਿੱਚ ਗੱਦ ਲਿਖਣ ਦੀ ਇੱਕ ਵਿਧਾ ਹੈ। ਉਨ੍ਹੀਵੀਂ ਸਦੀ ਵਿਚ ਵਾਰਤਕ ਵਿਚ ਇਕ ਨਵੀਂ ਵਿਧਾ ਵਿਕਸਿਤ ਹੋਈ ਜਿਸ ਨੂੰ ਕਹਾਣੀ ਕਿਹਾ ਜਾਂਦਾ ਸੀ।
ਰੌਚਕਤਾ, ਲੇਖਕ ਦੇ ਪ੍ਰਭਾਵ ਅਤੇ ਬੋਲਣ ਵਾਲੇ ਅਤੇ ਸੁਣਨ ਵਾਲੇ ਜਾਂ ਕਹਾਣੀਕਾਰ ਅਤੇ ਪਾਠਕ ਵਿਚਕਾਰ ਸਹੀ ਸਬੰਧ ਬਣਾਈ ਰੱਖਣ ਲਈ, ਹਰ ਕਿਸਮ ਦੀਆਂ ਕਹਾਣੀਆਂ ਵਿੱਚ ਹੇਠ ਲਿਖੇ ਤੱਤ ਮਹੱਤਵਪੂਰਨ ਮੰਨੇ ਜਾਂਦੇ ਹਨ: ਵਿਸ਼ਾ ਵਸਤੂ, ਪਾਤਰ ਜਾਂ ਪਾਤਰੀਕਰਨ, ਬਿਰਤਾਂਤ ਜਾਂ ਸੰਵਾਦ, ਸਮਾਂ ਮਿਆਦ ਜਾਂ ਵਾਤਾਵਰਣ, ਭਾਸ਼ਾ ਸ਼ੈਲੀ ਅਤੇ ਉਦੇਸ਼। ਕਹਾਣੀ ਦੀ ਬਣਤਰ ਨੂੰ ਪਲਾਟ ਜਾਂ ਥੀਮ ਕਿਹਾ ਜਾਂਦਾ ਹੈ। ਹਰ ਕਹਾਣੀ ਦਾ ਵਿਸ਼ਾ ਹੋਣਾ ਜ਼ਰੂਰੀ ਹੈ ਕਿਉਂਕਿ ਇਸ ਦੀ ਅਣਹੋਂਦ ਵਿੱਚ ਕਹਾਣੀ ਦੀ ਰਚਨਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਕਥਾਨਕ ਦੇ ਚਾਰ ਭਾਗ ਹਨ- ਅਰੰਭ, ਕਲਾਈਮੈਕਸ, ਕਲਾਈਮੈਕਸ ਅਤੇ ਉਤਰ। ਕਹਾਣੀ ਇਸ ਦੇ ਪਾਤਰਾਂ ਦੁਆਰਾ ਚਲਾਈ ਜਾਂਦੀ ਹੈ ਅਤੇ ਪਾਤਰਾਂ ਦੀਆਂ ਖੂਬੀਆਂ ਅਤੇ ਕਮੀਆਂ ਨੂੰ ਉਹਨਾਂ ਦਾ 'ਚਰਿੱਤਰੀਕਰਨ' ਕਿਹਾ ਜਾਂਦਾ ਹੈ। ਚਰਿੱਤਰੀਕਰਨ ਰਾਹੀਂ ਵੱਖ-ਵੱਖ ਪਾਤਰਾਂ ਵਿੱਚ ਸੁਭਾਵਿਕਤਾ ਪੈਦਾ ਹੁੰਦੀ ਹੈ। ਸੰਵਾਦ ਕਹਾਣੀ ਦਾ ਮੁੱਖ ਹਿੱਸਾ ਹਨ। ਇਨ੍ਹਾਂ ਰਾਹੀਂ ਪਾਤਰਾਂ ਦੀਆਂ ਮਾਨਸਿਕ ਕਲੇਸ਼ਾਂ ਅਤੇ ਹੋਰ ਭਾਵਨਾਵਾਂ ਉਜਾਗਰ ਹੁੰਦੀਆਂ ਹਨ। ਕਹਾਣੀ ਨੂੰ ਹਕੀਕਤ ਦੀ ਛੋਹ ਦੇਣ ਲਈ ਸਮਾਂ ਜਾਂ ਵਾਤਾਵਰਨ ਦੀ ਵਰਤੋਂ ਕੀਤੀ ਜਾਂਦੀ ਹੈ। ਪੇਸ਼ਕਾਰੀ ਦੇ ਢੰਗ ਵਿਚ ਕਲਾਤਮਕਤਾ ਲਿਆਉਣ ਲਈ ਇਸ ਨੂੰ ਵੱਖ-ਵੱਖ ਭਾਸ਼ਾਵਾਂ ਅਤੇ ਸ਼ੈਲੀਆਂ ਨਾਲ ਸਜਾਇਆ ਗਿਆ ਹੈ। ਕਹਾਣੀ ਨਾ ਸਿਰਫ਼ ਮਨੋਰੰਜਨ ਪ੍ਰਦਾਨ ਕਰਦੀ ਹੈ, ਸਗੋਂ ਇਸਦਾ ਇੱਕ ਨਿਸ਼ਚਿਤ ਉਦੇਸ਼ ਵੀ ਹੁੰਦਾ ਹੈ।
ਪੰਜਾਬੀ ਤੇ ਹਿੰਦੀ ਭਾਸ਼ਾ ਦੇ ਉਘੇ ਸਾਹਿਤਕਾਰ ਜਸਪਾਲ ਜੱਸੀ ਨੇ ਇਕ ਦਿਨ ਰਮੇਸ਼ ਗਰਗ ਦੀ ਸ਼ਾਨ ਵਿਚ ਕੁਝ ਸ਼ਬਦ ਬੋਲੇ ਮੈਂ ਵੀ ਇਤਫ਼ਾਕਨ ਉਸ ਸਮੇਂ ਮੌਜੂਦ ਸੀ , "ਅਸੀਂ ਕਹਾਣੀ ਲਿਖਦੇ ਹਾਂ ਤੇ ਕਹਾਣੀ ਗਰਗ ਦੇ ਅੰਦਰ ਰਹਿੰਦੀ ਹੈ", ਇਸ ਤੋਂ ਪਤਾ ਲੱਗਦਾ ਹੈ ਕਿ ਗਰਗ ਦੀਆਂ ਕਹਾਣੀਆਂ ਦੀ ਆਰੰਭ ਤੋਂ ਲੈ ਕੇ ਅੰਤ ਤਕ ਕਹਾਣੀ ਵਿਚ ਵਹਾਓ, ਰਸਕਤਾ, ਇਕਾਗਰਤਾ ਅਤੇ ਲੀਨਤਾ ਬਰਕਰਾਰ ਰਹਿੰਦੀ ਹੈ।
ਗਰਗ ਦੁਆਰਾ ਲਿਖੀ ਗਈ ਸਾਲ 1979 ਵਿਚ ਪਹਿਲੀ ਕਹਾਣੀ 'ਪਿਆਰ' ਨੂੰ ਲੋਕਾਂ ਵੱਲੋਂ ਬਹੁਤ ਪਸੰਦ ਕੀਤਾ ਗਿਆ।
ਉਸਨੇ ਲਿਖਣ ਲੱਗੇ ਕਦੇ ਵੀ ਕੋਈ ਕਾਹਲੀ ਨਹੀਂ ਕੀਤੀ। ਉਸ ਤੇ ਇਹ ਗੱਲ ਜਰੂਰ ਢੁਕਦੀ ਹੈ 'ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜਕ ਦੇ ਨਾਲ" ਉਸ ਦੀਆਂ ਕਹਾਣੀਆਂ ਭੁਲੇਖਾ, ਡਾਕਟਰ ਅਤੇ ਡਰਾਈਵਰ, ਆਖ਼ਿਰ ਹਮ ਆਪਕੇ ਹੈਂ ਕੌਣ..?, ਭੂਤਾਂ ਵਾਲੀ ਕੋਠੀ, ਅਧੂਰੀ ਕਹਾਣੀ, ਤਿਆਗ਼ ਦੀ ਦੇਵੀ, ਜੇਕਰ ਮੈਂ ਬੰਦਾ ਹੁੰਦਾ..? ਟੁੱਟਵੀਂ ਟਿੱਕਟ, ਜ਼ੁਬਾਨ, ਪਛਤਾਵਾ, ਪਲੰਬਰ, ਸ਼ਰੀਫ ਆਦਮੀ, ਟਹਿਲ ਸੇਵਾ, ਲੈਪਟੌਪ, ਜਨਮ ਦਿਨ ਦੀ ਪਾਰਟੀ, ਕਾਲੂ ਬਦਮਾਸ਼, ਇੱਕ ਡਰਾਉਣਾ ਸੱਚ, ਆਪਣਾ ਮਹਿਲਾ ਦਿਵਸ ਕਦੋਂ ਐ ਮਾਂ..? ਇਹਨੂੰ ਕਹਿੰਦੇ ਐ ਜ਼ਿੰਦਗੀ, ਹਰਮਨ ਪਿਆਰਾ ਨੇਤਾ, ਇੰਜ ਵੀ ਹੁੰਦੈ..? ਸਟਾਰਟਿੰਗ, ਟੁੱਟੀ ਬਾਂਹ, ਟੋਮਾਟੋ ਸੋਸ, ਇੰਜੀ. ਆਰ ਕੇ ਗਰਗ, ਗਾਜਰਪਾਕ, ਹਾਏ ਗਰਮੀ, ਅਣਪੁਛ ਸਾਹਾ'
ਪੰਜਾਬੀ ਕਹਾਣੀਕਾਰ ਰਮੇਸ਼ ਗਰਗ ਦੀਆਂ ਕਹਾਣੀਆਂ ਦੇ ਵਿਸ਼ੇ ਨਿਰੋਲ ਸਮਾਜਿਕ ਹਨ। ਉਸਨੇ ਸਮਾਜ਼ ਵਿਚ ਵਿਆਪਕ ਦੁੱਖ ਦਰਦਾਂ ਨੂੰ ਬੜੀ ਨੀਝ ਨਾਲ ਚਿਤਰਿਆ।
ਰਮੇਸ਼ ਨੇ ਅਣਗਿਣਤ ਕਹਾਣੀਆਂ ਲਿਖੀਆਂ ਹਨ। ਸਮੁੱਚੇ ਰੂਪ ਵਿਚ ਇਹਨਾਂ ਕਹਾਣੀਆਂ ਵਿਚ ਸਾਡੇ ਕਹਾਣੀਕਾਰ ਨੇ ਪੰਜਾਬੀ ਸਮਾਜਕ, ਸਭਿਆਚਾਰਕ, ਆਰਥਿਕ, ਰਾਜਨੀਤਕ, ਪ੍ਰਸ਼ਾਸਨਿਕ, ਧਾਰਮਿਕ ਅਤੇ ਨੈਤਿਕ ਵਰਤਾਰੇ ਨੂੰ ਯਥਾਰਥਵਾਦੀ ਦ੍ਰਿਸ਼ਟੀ ਤੋਂ ਗ੍ਰਹਿਣ ਕਰਨ ਦਾ ਉਪਰਾਲਾ ਕੀਤਾ ਹੈ। ਉਹ ਅਜੋਕੇ ਮਨੁੱਖ ਦੀ ਹੋਣੀ, ਭਾਵੀ ਅਤੇ ਸੰਤਾਪ ਦੀ ਹੋਂਦ-ਸਥਿਤੀ ਨੂੰ ਤੀਖਣ ਅਨੁਭਵ ਨਾਲ ਆਪਣੇ ਅੰਦਰ ਸੰਚਿਤ ਕਰਕੇ, ਉਸ ਦਾ ਪੁਖ਼ਤਗੀ ਸਹਿਤ ਨਿਰੂਪਣ ਕਰਦਾ ਹੋਇਆ ਪ੍ਰਤੀਤ ਹੋਇਆ ਹੈ। ਉਸ ਦੀਆਂ ਕਹਾਣੀਆਂ ਦੇ ਪਾਤਰ ਵਧੇਰੇ ਕਰਕੇ ਮੱਧ-ਸ਼੍ਰੇਣੀ ਅਤੇ ਨਿਮਨ ਸ਼੍ਰੇਣੀ ਦੇ ਕਿਸਾਨ, ਕਿਰਤੀ, ਔਰਤਾਂ, ਬੱਚੇ ,ਆਪਸੀ ਰਿਸ਼ਤਿਆਂ ਦਾ ਪੇਚੀਦਾ ਤਾਣਾ ਬਾਣਾ, ਪੁਸ਼ਤ ਦਰ ਪੁਸ਼ਤ ਮਿੱਟੀ ਦਾ ਮੋਹ, ਪ੍ਰਸ਼ਾਸਨਿਕ ਲੁੱਟ-ਖ਼ਸੁੱਟ, ਸਮਾਜ ਵਿਚ ਪੱਸਰਿਆ ਭ੍ਰਿਸ਼ਟਾਚਾਰ ਅਤੇ ਪ੍ਰਦੂਸ਼ਣ ਆਦਿ ਅਜਿਹੇ ਮੁੱਖ ਵਿਸ਼ੇ ਹਨ, ਜੋ ਵਿਚਾਰਾਧਾਰਕ ਪੱਧਰ ਤੇ ਸਫ਼ਲਤਾ ਪੂਰਵਕ ਨਿਭਾਏ ਗਏ ਹਨ। ਇਸ ਕਹਾਣੀਕਾਰ ਦੀ ਸਿਰਜਨਾਤਮਕ ਖ਼ੂਬੀ ਇਹ ਹੈ ਕਿ ਉਸਨੇ ਕਿਤੇ ਵੀ ਭਾਂਜਵਾਦੀ ਰਸਤੇ ਨੂੰ ਨਹੀਂ ਅਪਨਾਇਆ, ਸਗੋਂ ਟਕਰਾਉ ਅਤੇ ਸੰਘਰਸ਼ ਦੇ ਜ਼ਰੀਏ ਜੀਵਨ ਪੰਧ ਤੇ ਚਲਣ ਦੀ ਉਸਾਰੂ ਨੀਤੀ ਨੂੰ ਧਾਰਨ ਕੀਤਾ ਹੈ।
ਉਹ ਸ਼ਬਦਾਂ ਦਾ ਜਾਦੂਗਰ ਹੈ। ਜਦੋਂ ਉਹ ਲਿਖਣ ਬੈਠਦਾ ਹੈ ਤਾਂ ਸ਼ਬਦ ਆਪ ਮੁਹਾਰੇ ਉਸਦੇ ਆਲੇ ਦੁਆਲੇ ਘੁੰਮਣਘੇਰੀ ਪਾ ਕੇ ਬੈਠ ਜਾਂਦੇ ਹਨ।
ਰਮੇਸ਼ ਦੀ ਨਵੀਂ ਪੰਜਾਬੀ ਕਹਾਣੀ "ਟੁੱਟਵੀਂ ਟਿੱਕਟ" ਦੇ ਜਿਹੜੇ ਨਵੇਂ ਉੱਭਰੇ ਲੱਛਣਾਂ ਨੇ ਮੈਨੂੰ ਵਧੇਰੇ ਪ੍ਰਭਾਵਿਤ ਕੀਤਾ ਹੈ ਉਨ੍ਹਾਂ ਵਿਚੋਂ ਪਹਿਲਾ ਪੰਜਾਬੀ ਸੋਚ ਦੇ ਲੁੰਪਨੀਕਰਨ ਨੂੰ ਚਿਤਰਣ ਨਾਲ ਸਬੰਧਤ ਹੈ ਅਤੇ ਦੂਜਾ ਨਵੀਂ ਪੀੜ੍ਹੀ ਦੇ ਨਜ਼ਰੀਏ ਨੂੰ ਬਣਦੀ-ਸਰਦੀ ਮਾਨਤਾ ਦੇਣ ਨਾਲ ਹੈ। ਕਹਾਣੀ ਕੋਈ ਮਹਿਜ਼ ਸੂਚਨਾ ਦਾ ਸੰਚਾਰ ਕਰਨ ਵਾਲੀ ਜੁਗਤ ਨਹੀਂ ਬਲਕਿ ਗਲਪ-ਬਿੰਬ ਰਾਹੀਂ ਜੀਵਣ ਦਾ ਸਜੀਵ ਅਹਿਸਾਸ ਕਰਾਉਣ ਵਾਲੀ ਵਿਧਾ ਹੈ। ਗਰਗ ਦੀਆਂ ਕਹਾਣੀਆਂ ਦੀ ਭਾਸ਼ਾ ਜਾਂ ਸ਼ਬਦਾਵਲੀ ਦੀ ਮੁੱਖ ਸੁਰ ਮਲਵਈ ਬੋਲੀ ਰਹੀ ਹੈ, ਪਰੰਤੂ ਵਧੇਰੇ ਵਾਕਾਂ ਦੇ ਅੰਤ ਤੇ ਠੇਠ ਪੇਂਡੂ ਸ਼ਬਦਾਵਲੀ ਭਾਰੂ ਪ੍ਰਤੀਤ ਹੋਈ ਹੈ। ਫਿਰ ਵੀ ਭਾਸ਼ਾ ਦੀ ਸਰਲਤਾ ਇਹਨਾਂ ਕਹਾਣੀਆਂ ਦੀ ਪ੍ਰਾਪਤੀ ਦਾ ਮੁੱਖ ਗੁਣ-ਲੱਛਣ ਹੈ। ਹਲਕੀ-ਫੁਲਕੀ ਗੱਲ ਬਾਤ ਵਿਚ ਵਿਅੰਗ ਸਿਰਜ ਜਾਣਾ ਵੀ ਰਮੇਸ਼ ਦੀ ਕਹਾਣੀ ਦੀ ਪ੍ਰਾਪਤੀ ਹੈ। ਉਸਦਾ ਪੰਜਾਬੀ ਕਹਾਣੀ ਦਾ ਅਜੋਕਾ ਮੁਹਾਂਦਰਾ ਸਥਾਪਿਤ ਕਰਨ ਵਿਚ ਸਫ਼ਲ ਯਤਨ ਹੈ। ਉਮੀਦ ਹੈ ਕਿ ਸਾਡਾ ਇਹ ਕਹਾਣੀਕਾਰ ਹੁਣ ਨਿਰੰਤਰ ਇਸ ਵਿਧਾ ਨਾਲ ਜੁੜਿਆ ਰਹੇਗਾ।

# ਅੱਖੀਆਂ

ਵਰਲਡ ਪੰਜਾਬੀ ਟਾਈਮਜ਼
ਅਮਰਜੀਤ ਸਿੰਘ ਸਿੱਧੂ ਬਠਿੰਡਾ

ਯਾਦ ਤੇਰੀ ਜਦ ਆਂਉਦੀ ਸੱਜਣਾਂ
ਹੁੱਬਕੀਂ ਹੁੱਬਕੀਂ ਫਿਰ ਰੋਵਣ ਅੱਖੀਆਂ

ਲੰਘ ਜਾਵੇਂ ਚੁਪ ਕਰਕੇ ਜਦ ਕੋਲੋਂ ਦੀ
ਫਿਰ ਸਾਵਣ ਵਾਂਗ੍ਹੂ ਚੋਵਣ ਅੱਖੀਆਂ

ਤਾਜੋ ਤਖਤ ਠੁਕਰਾ ਦਿੰਦੀਆਂ ਨੇਂ
ਦੋ ਤੋਂ ਚਾਰ ਜਦੋਂ ਵੀ ਹੋਵਣ ਅੱਖੀਆਂ

ਰੁੱਸ ਜਾਵੇ ਜਦ ਦਿਲ ਦਾ ਜਾਨੀ
ਮੁੱਖ ਹੰਝੂਆਂ ਦੇ ਨਾਲ ਧੋਵਣ ਅੱਖੀਆਂ

ਮੁੱਖ ਯਾਰ ਦਾ ਤੱਕਣ ਦੇ ਲਈ
ਆਂਣ ਬੂਹੇ ਵਿੱਚ ਖੜੋਵਣ ਅੱਖੀਆਂ

ਇੱਕ ਵਾਰੀ ਜੇ ਮਿਲ ਜਾਣ ਨਾਲ ਸੱਜਣ ਦੇ
ਫਿਰ ਨਾਂ ਹੋਰ ਕਿਸੇ ਦੀਆਂ ਹੋਵਨ ਅੱਖੀਆਂ

ਦਿਲ ਦੇ ਅੰਦਰ ਜਦੋਂ ਯਾਰ ਉਤਰਜੇ
ਬੂਹੇ ਪਲਕਾਂ ਵਾਲੇ ਫਿਰ ਢੋਵਣ ਅੱਖੀਆਂ

ਗਵਾਚਿਆ ਸੱਜਣ ਕਹਿੰਦੇ ਮਿਲਦਾ ਨਾਹੀਂ
ਦਰ ਦਰ ਤੇ ਸੱਜਣ ਨੂੰ ਟੋਹਵਣ ਅੱਖੀਆਂ

ਇੱਕ ਸੱਜਣਾਂ ਦੀ ਖੁਸ਼ੀ ਦੀ ਖਾਤਰ
ਦਿਲ ਦਾ ਦਰਦ ਲਕੋਕਵਣ ਅੱਖੀਆਂ

ਸਿੱਧੂ ਦਿਲ ਦਾ ਜਾਨੀਂ ਜੇ ਆ ਜਾਵੇ ਕੋਲੇ
ਹਮਦਰਦੀ ਦੇ ਹਾਰ ਪਰੋਵਣ ਅੱਖੀਆਂ

ਮੀਤੇ. ਇਸ਼ਕ ਦੀ ਗੁੱਡੀ ਜਦ ਅੰਬਰੀ ਚੜ੍ਹਦੇ
ਫਿਰ ਅਪਨੇ ਆਪ ਵਿੱਚ ਖੋਵਣ ਅੱਖੀਆਂ

ਫਿਰ ਆਪਨੇਂ ਆਪ ਵਿੱਚ ਖੋਵਣ ਅੱਖੀਆਂ
ਉਹ ਪੜ੍ਹਾਈ ਕਰਨ ਨਾਲ

